# ਬਰੋਨਕੋਸਕੋਪੀ
BRONCHOSCOPY

## ਬਰੋਨਕੋਸਕੋਪੀ ਦੇ ਬਾਅਦ ਘਰ ਜਾਣ ਦੀਆਂ ਹਿਦਾਇਤਾਂ
**Discharge Instructions for Bronchoscopy**

**ਐਮਬੂਲੇਟਰੀ ਡੇਅ ਕੇਅਰ**
**ਸਰੀ ਮੈਮੋਰੀਅਲ ਹਸਪਤਾਲ**
AMBULATORY DAYCARE SURREY MEMORIAL HOSPITAL

fraserhealth Better health. Best in health care.


**ਰੈਸਪੀਰੇਟਰੀ ਥੈਰੇਪੀ**
**ਸਰੀ ਮੈਮੋਰੀਅਲ ਹਸਪਤਾਲ**
**13750 96 ਐਵਿਨਿਊ**
**ਸਰੀ, ਬੀ ਸੀ**
**604-585-5570**


(Punjabi) Printshop # 253960 JAN-2007

# ਬਰੋਨਕੋਸਕੋਪੀ (Bronchoscopy)

ਬਰੋਨਕੋਸਕੋਪੀ ਫੇਫੜਿਆਂ ਵਿਚੋਂ ਹਵਾ ਲੰਘਣ ਦੇ ਵੱਡੇ ਰਸਤਿਆਂ ਦੀ ਪਰਖ ਹੁੰਦੀ ਹੈ। ਇਹ ਇਕ ਸੁੱਰਖਿਅਤ ਕਾਰਜਵਿਧੀ ਹੈ ਜਿਸ ਦਾ ਬਹੁਤ ਘੱਟ ਖ਼ਤਰਾ ਹੁੰਦਾ ਹੈ।

ਰੈਸਪੀਰੋਲੋਜਿਸਟ ਇਕ ਬਰੋਨਕੋਸਕੋਪ, ਜਾਂ "ਸਕੋਪ" ਦੀ ਵਰਤੋਂ ਨਾਲ ਸਿੱਧਾ ਤੁਹਾਡੇ ਵੋਕਲ ਕੋਰਡਜ਼ (ਆਵਾਜ਼ ਵਾਲੀ ਰਗ), ਟਰੇਕੀਆ (ਜਾਂ ਹਵਾ ਵਾਲੀ ਪਾਈਪ), ਅਤੇ ਤੁਹਾਡੇ ਫੇਫੜਿਆਂ ਵਿਚ ਹਵਾ ਲੰਘਣ ਦੇ ਵੱਡੇ ਰਸਤਿਆਂ ਨੂੰ ਵੇਖਦਾ ਹੈ। ਉਹ ਉਹਨਾਂ ਸਥਾਨਾਂ ਤੇ ਤਬਦੀਲੀਆਂ ਲਈ ਵੇਖਦਾ ਹੈ ਜੋ ਤੁਹਾਡੀ ਖੰਘ, ਛਾਤੀ ਦੇ ਅਸਾਧਾਰਨ ਐਕਸਰੇ ਜਾਂ ਖੰਘਣ ਨਾਲ ਖੂਨ ਆਉਣ ਦੇ ਕਾਰਨਾਂ ਦੀ ਜਾਂਚ ਕਰਨ ਵਿਚ ਮਦਦ ਕਰ ਸਕਦਾ ਹੈ। ਰੈਸਪੀਰੋਲੋਜਿਸਟ ਤੁਹਾਡੇ ਫੇਫੜਿਆਂ ਦੇ ਤੰਤੂਆਂ ਦੇ "ਨਮੂਨੇ" ਲਵੇਗਾ ਅਤੇ ਇਹਨਾਂ ਨਮੂਨਿਆਂ ਨੂੰ ਲੈਬੋਰੇਟਰੀ ਵਿਚ ਛਾਣ-ਬੀਣ ਲਈ ਭੇਜਿਆ ਜਾਵੇਗਾ। ਜੇਕਰ ਕੋਈ ਬਾਹਰ ਦੀ ਚੀਜ਼ ਸਾਹ ਨਾਲ ਅੰਦਰ ਚਲੇ ਗਈ ਹੋਵੇ, ਜਿਵੇਂ ਕਿ ਮੂੰਗਫਲੀ ਦੇ ਦਾਣੇ, ਨਕਲੀ ਦੰਦਾਂ ਦੇ ਹਿੱਸੇ, ਪਿੰਨਾਂ ਆਦਿ, ਤਾਂ ਰੈਸਪੀਰੋਲੋਜਿਸਟ ਇਕ ਖਾਸ ਪਕੜਨ ਵਾਲੀ ਡਿਵਾਇਸ ਦੀ ਵਰਤੋਂ ਨਾਲ ਉਹਨਾਂ ਨੂੰ ਬਾਹਰ ਕੱਢੇਗਾ।

## ਬਰੋਨਕੋਸਕੋਪੀ ਦੇ ਬਾਅਦ ਜਦੋਂ ਤੁਸੀਂ ਘਰ ਜਾਉ ਤਾਂ ਕੀ ਉਮੀਦ ਰੱਖ ਸਕਦੇ ਹੋ

What Can You Expect After the Bronchoscopy and When You Go Home

ਤੁਹਾਨੂੰ ਦਿੱਤੀ ਗਈ ਦਵਾਈ ਦੇ ਕਾਰਣ ਤੁਹਾਡੇ ਸੰਤੁਲਨ ਤੇ ਅਸਰ ਹੋ ਸਕਦਾ ਹੈ।
ਤੁਹਾਨੂੰ ਘਰ ਜਾਕੇ ਬਾਕੀ ਦੇ ਦਿਨ ਆਰਾਮ ਕਰਨਾ ਚਾਹੀਦਾ ਹੈ।
ਤੁਹਾਡਾ ਗਲਾ ਦੁੱਖਦਾ ਜਾਂ 24-48 ਘੰਟਿਆਂ ਲਈ ਆਵਾਜ਼ ਭਾਰੀ ਹੋ ਸਕਦੀ ਹੈ।
24 ਘੰਟਿਆਂ ਲਈ ਤੁਹਾਡਾ ਥੁੱਕ ਗੁਲਾਬੀ ਰੰਗ ਦਾ ਹੋ ਸਕਦਾ ਹੈ।

ਤੁਸੀਂ ਆਪਣਾ ਆਮ ਭੋਜਨ ਦੁਬਾਰਾ ਸ਼ੁਰੂ ਕਰ ਸਕਦੇ ਹੋ।
ਤੁਸੀਂ ਆਪਣੀਆਂ ਰੋਜ਼ਾਨਾ ਦੀਆਂ ਦਵਾਈਆਂ ਸ਼ੁਰੂ ਕਰ ਸਕਦੇ ਹੋ।
(ਇੰਨਹੇਲਰਜ਼ ਦੀ ਵਰਤੋਂ ਵੀ ਸ਼ੁਰੂ ਕਰ ਸਕਦੇ ਹੋ, ਜੇ ਵਰਤੋਂ ਕਰਦੇ ਹੋ)

ਅਗਲੇ ਦਿਨ ਦੀ ਸਵੇਰ ਤੱਕ ਕਾਰ (ਡਰਾਇਵ) ਨਾ ਚਲਾਉ।
ਅਗਲੇ 24 ਘੰਟਿਆਂ ਲਈ ਸ਼ਰਾਬ ਦੀਆਂ ਪੀਣ ਵਾਲੀਆਂ ਚੀਜ਼ਾ ਦੀ ਵਰਤੋਂ ਨਾ ਕਰੋ।
ਅਗਲੇ ਦਿਨ ਤੱਕ ਕੋਈ ਵੱਡੇ ਫੈਸਲੇ ਨਾ ਕਰੋ, ਜਾਂ ਕਾਨੂੰਨੀ ਕਾਗਜ਼ਾਂ ਤੇ ਦਸਤਖਤ ਨਾ ਕਰੋ।

## ਜੇਕਰ ਤੁਹਾਨੂੰ ਕੋਈ ਮੁਸ਼ਕਿਲਾਂ ਜਾਂ ਸੰਬਧਿਤ ਫਿਕਰ ਹੋਣ:

If you have any problems or concerns:

### ਜੇਕਰ ਤੁਸੀਂ ਸਹਿ ਰਹੇ ਹੋ:

- ਗਲੇ ਜਾਂ ਛਾਤੀ ਵਿਚ ਤਿੱਖਾ ਦਰਦ
- ਜ਼ਿਆਦਾ ਸਾਹ ਚੜ੍ਹਨਾ
- ਤੁਹਾਡੇ ਥੁੱਕ ਵਿਚ ਖੂਨ ਦੇ ਗਤਲੇ ਜਾਂ ਤਾਜ਼ਾ (ਗਾੜ੍ਹਾ ਲਾਲ) ਖੂਨ ਆਉਣਾ
- ਬੁਖ਼ਾਰ ਅਤੇ/ ਜਾਂ ਕਾਂਬਾ ਲਗਣਾ

** ਆਪਣੇ ਰੈਸਪੀਰੋਲੋਜਿਸਟ ਨਾਲ 581-6127 ਤੇ ਸੰਪਰਕ ਕਰੋ
* ਜੇਕਰ ਰੈਸਪੀਰੋਲੋਜਿਸਟ ਨਾਲ ਸੰਪਰਕ ਨਹੀਂ ਕਰ ਸਕਦੇ ਹੋ ਤਾਂ ਨੇੜੇ ਦੇ ਐਮਰਜੈਂਸੀ ਵਿਭਾਗ ਵਿਚ ਜਾਉ।

** **ਕ੍ਰਿਪਾ ਕਰਕੇ** ਐਮਰਜੈਂਸੀ ਵਿਭਾਗ ਵਿਚ ਇਸ ਪੇਪਰ ਨੂੰ ਆਪਣੇ ਨਾਲ ਲਿਆਉ।